**ਅਤਿ ਜ਼ਰੂਰੀ**

ਨੰ: 01/04/2023-1ਐਫ.ਪੀ.1/238-243

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-1 ਸ਼ਾਖਾ)

ਮਿਤੀ,ਚੰਡੀਗੜ੍ਹ: 16-10-2023

ਸੇਵਾ ਵਿਖੇ,

i) ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ;

ii) ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;

iii) ਸਮੂਹ ਡਵੀਜ਼ਨਾਂ ਦੇ ਕਮਿਸਨਰ;

iv) ਰਜ਼ਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ;

v) ਸਮੂਹ ਡਿਪਟੀ ਕਮਿਸਨਰ ਅਤੇ ਜਿਲ੍ਹਾ ਅਤੇ ਸੈਸਨ ਜੱਜ ਅਤੇ;

vi) ਸਕੱਤਰ, ਪੰਜਾਬ ਵਿਧਾਨ ਸਭਾ ਸਕੱਤਰੇਤ।

ਵਿਸ਼ਾ:- **ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸਨ ਨੰ: 17064 ਆਫ 2017- ਅਜੈ ਕੁਮਾਰ ਸਿੰਗਲਾ ਅਤੇ ਹੋਰ ਵਿੱਚ ਮਿਤੀ 16.2.2023 ਨੂੰ ਕੀਤੇ ਹੁਕਮਾਂ ਅਧਾਰ ਤੇ ਵੱਖ ਵੱਖ ਕੋਰਟ ਕੇਸਾਂ ਵਿੱਚ ਕੀਤੇ ਜਾ ਰਹੇ ਫੈਸਲਿਆ ਵਿਰੁੱਧ SLP ਦਾਇਰ ਕਰਨ ਸਬੰਧੀ।**

ਹਵਾਲਾ - ਵਿੱਤ ਵਿਭਾਗ ਦੀਆਂ ਹਦਾਇਤਾ ਪੱਤਰ ਨੰ: 01/04/2023-1ਐਫ.ਪੀ.1/151-158 ਮਿਤੀ 12.06.2023 ਅਤੇ ਹਦਾਇਤਾ ਪੱਤਰ ਨੰ: 01/04/2023-1ਐਫ.ਪੀ.1/192-199 ਮਿਤੀ 30.08.2023 ਦੀ ਲਗਾਤਾਰਤਾ ਵਿੱਚ (ਨਾਲ ਨੱਥੀ)

ਸ੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਜਾਰੀ ਹਦਾਇਤਾਂ ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਪੱਤਰ ਮਿਤੀ 15.1.2015 ਨੂੰ (ਪਰਖਕਾਲ ਸਮੇਂ ਦੌਰਾਨ ਬੱਝਵੀਂ ਤਨਖਾਹ (fixed emoluments) ਦੇਣ ਬਾਰੇ) ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵੱਖ ਵੱਖ ਕੋਰਟ ਕੇਸਾਂ ਰਾਹੀਂ ਚੈਲਿੰਜ ਕਰਦੇ ਹੋਏ ਰਿੱਟ ਪਟੀਸਨਾਂ ਦਾਇਰ ਕੀਤੀਆਂ ਗਈਆਂ /ਜਾ ਰਹੀਆਂ ਹਨ ਅਤੇ ਮਾਨਯੋਗ ਹਾਈਕੋਰਟ ਵੱਲੋਂ ਸਿ.ਰਿ.ਪ.ਨੰ: 17064 ਆਫ 2017 ਕੇਸ ਵਿੱਚ ਮਿਤੀ 16.02.2023 ਨੂੰ ਪਾਸ ਕੀਤੇ ਹੁਕਮਾਂ ਦੇ ਆਧਾਰ ਤੇ ਹੁਣ ਹੋਰ ਰਿੱਟ ਪਟੀਸਨਾਂ allow ਕੀਤੀਆਂ ਜਾ ਰਹੀਆਂ ਹਨ।

ਚਲਦਾ ਪੰਨਾ........

2. ਵਿੱਤ ਵਿਭਾਗ ਵੱਲੋਂ ਮਾਨਯੋਗ ਹਾਈਕੋਰਟ ਦੇ ਉਕਤ ਹੁਕਮਾਂ ਮਿਤੀ 16.02.2023 ਰਾਹੀਂ allow ਰਿੱਟ ਪਟੀਸ਼ਨਾਂ ਵਿੱਚੋ ਸਿ.ਰਿ.ਪ ਨੰ: 31056 ਆਫ 2018 - ਅਨੀਤਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆਂ ਵਿੱਚ SLP Diary No. 27201 of 2023 ਦਾਇਰ ਕੀਤੀ ਹੋਈ ਹੈ, ਜਿਸ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਮਿਤੀ 22.09.2023 ਨੂੰ ਹੇਠ ਅਨੁਸਾਰ ਹੁਕਮ ਕੀਤੇ ਗਏ ਹਨ:-

**UPON hearing the counsel the court made the following**

**ORDER**

**1. In view of the office report dated 04th August, 2023 tag along with SLP (Civil) No.25565 of 2015.**

**2. In the meantime, the contempt proceedings, if any, initiated against the petitioners shall remain stayed.**

3. ਇਸ ਲਈ ਸਮੂਹ ਪ੍ਰਬੰਧਕੀ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮਾਨਯੋਗ ਹਾਈਕੋਰਟ ਵੱਲੋਂ ਵੱਖ ਵੱਖ ਕੋਰਟ ਕੇਸਾਂ ਵਿੱਚ ਹੁਕਮ ਮਿਤੀ 16.02.2023 ਦੇ ਅਧਾਰ ਤੇ allow ਕੀਤੇ ਗਏ/ ਜਾ ਰਹੇ ਕੇਸਾਂ ਵਿੱਚ ਸਬੰਧਤ ਵਿਭਾਗਾਂ ਵੱਲੋਂ SLP ਦਾਇਰ ਕਰਨ ਲਈ ਬਣਦੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇ ਅਤੇ ਦਾਇਰ ਕੀਤੇ ਜਾਣ ਵਾਲੀ SLPs ਨੂੰ ਮਾਨਯੋਗ ਸੁਪਰੀਮ ਕੋਰਟ ਵਿਖੇ ਪਹਿਲਾ ਤੋਂ ਪੈਡਿੰਗ SLP No. 25565 ਆਫ 2015 ਨਾਲ ਟੈਗ ਕਰਨ ਹਿੱਤ ਜਰੂਰੀ ਕਦਮ ਉਠਾਏ ਜਾਣ ਅਤੇ ਆਪ ਦੇ ਵਿਭਾਗ ਦੇ ਅਧੀਨ ਆਉਂਦੇ ਪੀ.ਐਸ.ਯੂ./ਬੋਰਡ/ਕਾਰਪੋਰੇਸ਼ਨ/ ਖੁਦਮੁਖਤਿਆਰ ਅਦਾਰਿਆਂ ਦਾ ਵੀ ਆਪਣੇ ਪੱਧਰ ਤੇ ਰੀਵਿਊ ਕਰਦੇ ਹੋਏ SLP ਦਾਇਰ ਕਰਨੀ ਯਕੀਨੀ ਬਣਾਈ ਜਾਵੇ।

4. ਇਸ ਤੋਂ ਇਲਾਵਾ ਪ੍ਰਬੰਧਕੀ ਵਿਭਾਗਾਂ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਇਹਨਾ ਕੇਸਾਂ ਸਬੰਧੀ ਪ੍ਰਬੰਧਕੀ ਵਿਭਾਗਾਂ ਵੱਲੋਂ ਹੁਣ ਤੱਕ ਮਾਨਯੋਗ ਸੁਪਰੀਮ ਕੋਰਟ ਵਿਖੇ ਦਾਇਰ ਕੀਤੀਆਂ ਗਈਆ SLPs ਸਬੰਧੀ ਜਾਣਕਾਰੀ ਵਿੱਤ ਵਿਭਾਗ ਨਾਲ ਸਾਂਝੀ ਕੀਤੀ ਜਾਵੇ ਅਤੇ ਰਹਿੰਦੇ ਕੇਸਾਂ ਵਿੱਚ SLP ਤੁਰੰਤ ਦਾਇਰ ਕੀਤੀ ਜਾਵੇ।

ਵਿਸ਼ਵਾਸਪਾਤਰ

ਸਕੱਤਰ ਵਿੱਤ

ਚਲਦਾ ਪੰਨਾ........

ਪਿੱਠ ਅੰਕਣ ਨੰ: 01/04/2023-1ਐਫ.ਪੀ.1/ 244-246 ਮਿਤੀ, ਚੰਡੀਗੜ੍ਹ: 16-10-2023

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਵਿਸ਼ੇਸ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਚੰਡੀਗੜ੍ਹ।

(2) ਓ.ਐਸ.ਡੀ./ ਮੁੱਖ ਸਕੱਤਰ, ਪੰਜਾਬ, ਚੰਡੀਗੜ੍ਹ।

(3) ਨਿੱਜੀ ਸਕੱਤਰ/ ਸਕੱਤਰ, ਪ੍ਰਸੋਨਲ ਵਿਭਾਗ।

ਉੱਪ ਸਕੱਤਰ, ਵਿੱਤ

ਪਿੱਠ ਅੰਕਣ ਨੰ: 01/04/2023-1ਐਫ.ਪੀ.1/ 247 ਮਿਤੀ, ਚੰਡੀਗੜ੍ਹ: 16.10.2023

ਉਪਰੋਕਤ ਦਾ ਇੱਕ ਉਤਾਰਾ ਨਿੱਜੀ ਸਹਾਇਕ / ਸਕੱਤਰ ਵਿੱਤ (ਗ), ਨਿੱਜੀ ਸਹਾਇਕ / ਸਕੱਤਰ ਵਿੱਤ(ਦ), ਨਿੱਜੀ ਸਕੱਤਰ /ਸਕੱਤਰ ਖਰਚਾ, ਨਿੱਜੀ ਸਕੱਤਰ/ਵਿਸ਼ੇਸ ਸਕੱਤਰ ਵਿੱਤ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਪ੍ਰਬੰਧਕੀ ਵਿਭਾਗਾਂ / ਅਦਾਰਿਆਂ ਦੀ ਸਥਿਤੀ ਰੀਵਿਊ ਕਰਨ ਦੀ ਖੇਚਲ ਕੀਤੀ ਜਾਵੇ।

ਉੱਪ ਸਕੱਤਰ, ਵਿੱਤ

ਪਿੱਠ ਅੰਕਣ ਨੰ: 01/04/2023-1ਐਫ.ਪੀ.1/ 248 ਮਿਤੀ, ਚੰਡੀਗੜ੍ਹ: 16-10-2023

ਇਸ ਦਾ ਇੱਕ ਉਤਾਰਾ ਨਿੱਜੀ ਸਹਾਇਕ / ਪ੍ਰਮੁੱਖ ਸਕੱਤਰ ਵਿੱਤ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉੱਪ ਸਕੱਤਰ, ਵਿੱਤ